BC CANCER CERVIX SCREENING
Provincial Health Services Authority

ਸਕ੍ਰੀਨਿੰਗ ਟੈਸਟ ਦਾ ਨਤੀਜਾ

Notice Date
Test Result Date:

JANE SAMPLE
123 ANY STREET
CITY, PROVINCE, POSTAL CODE

ਨਤੀਜਿਆਂ ਦੀ ਸੂਚਨਾ – ਕਿਸੇ ਫਾਲੋ-ਅੱਪ ਦੀ ਲੋੜ ਨਹੀਂ, 5 ਸਾਲਾਂ 'ਚ ਮੁੜ-ਸਕ੍ਰੀਨਿੰਗ

ਤੁਹਾਨੂੰ ਇਹ ਪੱਤਰ ਇਸ ਲਈ ਭੇਜਿਆ ਜਾ ਰਿਹਾ ਹੈ ਕਿਉਂਕਿ ਤੁਸੀਂ ਹਾਲ ਹੀ ਵਿੱਚ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੀ ਸਕ੍ਰੀਨਿੰਗ ਕਰਵਾਈ ਹੈ।

ਤੁਹਾਡੇ ਨਤੀਜੇ ਦਰਸਾਉਂਦੇ ਹਨ ਕਿ ਤੁਹਾਡੇ ਨਮੂਨੇ ਵਿੱਚ ਕੋਈ ਹਿਊਮਨ ਪੈਪੀਲੋਮਾਵਾਇਰਸ (HPV) ਨਹੀਂ ਮਿਲਿਆ।

ਅਗਲੇ ਕਦਮ: ਇਸ ਸਮੇਂ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ।

ਤੁਹਾਨੂੰ 5 ਸਾਲਾਂ 'ਚ ਸਰਵਿਕਸ ਸਕ੍ਰੀਨਿੰਗ ਦੁਬਾਰਾ ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ , ਜਦੋਂ ਤੱਕ ਕਿ ਕੋਈ ਸਿਹਤ-ਸੰਭਾਲ ਪ੍ਰਦਾਨਕਰਤਾ ਹੋਰ ਸਿਫਾਰਸ਼ ਨਾ ਕਰੇ। ਜੇ ਤੁਹਾਡੀ ਉਮਰ 25 ਤੋਂ 69 ਸਾਲ ਦੇ ਵਿਚਕਾਰ ਹੈ ਅਤੇ ਤੁਸੀਂ ਬੀ.ਸੀ. ਦੇ ਪਤੇ ਸਹਿਤ ਰਜਿਸਟਰ ਹੋ, ਤਾਂ ਜਦੋਂ ਤੁਹਾਡੀ ਅਗਲੀ ਸਕ੍ਰੀਨਿੰਗ ਦਾ ਸਮਾਂ ਹੋਵੇਗਾ, ਤੁਹਾਨੂੰ ਡਾਕ ਰਾਹੀਂ ਇੱਕ ਯਾਦ -ਦਿਹਾਨੀ ਪੱਤਰ ਭੇਜਿਆ ਜਾਵੇਗਾ।

ਕਿਰਪਾ ਕਰਕੇ ਧਿਆਨ ਦਿਉ: HPV ਟੈਸਟਿੰਗ ਉਹਨਾਂ ਮਰੀਜ਼ਾਂ ਦੀ ਪਛਾਣ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਹੈ ਜਿਨ੍ਹਾਂ ਨੂੰ ਸਰਵਿਕਸ ਦੀ ਕੈਂਸਰ ਦਾ ਖਤਰਾ ਹੋ ਸਕਦਾ ਹੈ। ਜਦੋਂ HPV ਨਹੀਂ ਮਿਲਦਾ, ਤਾਂ ਕਈ ਸਾਲਾਂ ਤੱਕ ਤੁਹਾਡੇ ਸਰਵਿਕਸ ਵਿੱਚ ਅਸਧਾਰਣ ਸੈੱਲ ਤਬਦੀਲੀਆਂ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਇਸਦਾ ਮਤਲਬ ਹੈ ਕਿ ਤੁਸੀਂ ਸੁਰੱਖਿਅਤ ਤੌਰ 'ਤੇ 5 ਸਾਲ ਉਡੀਕ ਕਰ ਸਕਦੇ ਹੋ ਅਤੇ ਫਿਰ ਮੁੜ ਸਕ੍ਰੀਨਿੰਗ ਕਰਵਾ ਸਕਦੇ ਹੋ।

ਨਿਯਮਿਤ ਸਕ੍ਰੀਨਿੰਗ ਦੇ ਨਾਲ-ਨਾਲ, ਤੁਹਾਨੂੰ ਆਪਣੇ ਸਰੀਰ ਵਿੱਚ ਹੋਣ ਵਾਲੀਆਂ ਕਿਸੇ ਵੀ ਤਰ੍ਹਾਂ ਦੀਆਂ ਅਸਧਾਰਣ ਤਬਦੀਲੀਆਂ ਉੱਤੇ ਧਿਆਨ ਦੇਣਾ ਚਾਹੀਦਾ ਹੈ। ਜੇ ਤੁਹਾਨੂੰ ਸੰਭੋਗ ਤੋਂ ਬਾਅਦ, ਮਹਾਵਾਰੀ ਦੇ ਦਰਮਿਆਨ ਜਾਂ ਮੀਨੋਪੌਜ਼ ਤੋਂ ਬਾਅਦ ਖੂਨ ਆਉਂਦਾ ਹੈ; ਯੋਨੀ 'ਚੋਂ ਵੱਧ ਡਿਸਚਾਰਜ ਹੁੰਦਾ ਹੈ; ਪੇਡੂ ਖੇਤਰ ਵਿੱਚ ਦਰਦ ਜਾਂ ਸੰਭੋਗ ਦੌਰਾਨ ਦਰਦ ਹੁੰਦਾ ਹੈ, ਤਾਂ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ। ਤੁਹਾਡੀ ਸਰਵਿਕਸ ਸਿਹਤ ਦੀ ਰੱਖਿਆ ਲਈ ਇਨ੍ਹਾਂ ਲੱਛਣਾਂ ਦੀ ਜਾਂਚ ਕਰਵਾਉਣਾ ਮਹੱਤਵਪੂਰਨ ਹੈ, ਭਾਵੇਂ ਕਿ ਤੁਹਾਡੇ ਸਕ੍ਰੀਨਿੰਗ ਨਤੀਜੇ ਆਮ ਵੀ ਹੋਣ।

ਜੇ ਤੁਸੀਂ ਆਪਣਾ ਪਤਾ ਬਦਲਿਆ ਹੈ, ਤਾਂ ICBC ਅਤੇ Health Insurance BC ਨਾਲ ਇੱਕੋ ਸਮੇਂ ਆਪਣਾ ਪਤਾ ਅੱਪਡੇਟ ਕਰਨ ਲਈ https://www.addresschange.gov.bc.ca/ 'ਤੇ ਜਾਉ।

ਸਰਵਿਕਸ ਸਕ੍ਰੀਨਿੰਗ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ www.screeningbc.ca/cervix 'ਤੇ ਜਾਉ ।

SAMPLE

BC CANCER CERVIX SCREENING
Provincial Health Services Authority

ਸਕ੍ਰੀਨਿੰਗ ਟੈਸਟ ਦਾ ਨਤੀਜਾ

ਮਰੀਜ਼ ਦੀ ਨਿੱਜਤਾ ਅਤੇ ਗੁਪਤਤਾ

ਮੈਨੂੰ ਇਹ ਪੱਤਰ ਕਿਉਂ ਮਿਲਿਆ ਹੈ?

ਤੁਹਾਨੂੰ ਇਹ ਪੱਤਰ ਇਸ ਲਈ ਭੇਜਿਆ ਜਾ ਰਿਹਾ ਹੈ ਕਿਉਂਕਿ ਤੁਸੀਂ ਹਾਲ ਹੀ ਵਿੱਚ ਸਰਵਿਕਸ ਸਕ੍ਰੀਨਿੰਗ ਕਰਵਾਈ ਹੈ। ਤੁਹਾਨੂੰ ਤੁਹਾਡੇ ਨਤੀਜੇ ਸਿੱਧੇ ਤੌਰ 'ਤੇ ਪ੍ਰਦਾਨ ਕਰਕੇ, ਅਸੀਂ ਤੁਹਾਨੂੰ ਆਪਣੀ ਸਰਵਿਕਸ ਸਿਹਤ ਦੀ ਸੁਰੱਖਿਆ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕਰ ਰਹੇ ਹਾਂ।

ਤੁਸੀਂ Health Gateway ਲਈ ਵੀ ਰਜਿਸਟਰ ਹੋ ਸਕਦੇ ਹੋ ਤਾਂ ਜੋ ਤੁਸੀਂ ਕਿਸੇ ਵੀ ਸਮੇਂ ਆਪਣੇ ਸਿਹਤ ਨਤੀਜਿਆਂ ਤੱਕ ਤੁਰੰਤ ਅਤੇ ਸੁਰੱਖਿਅਤ ਪਹੁੰਚ ਪ੍ਰਾਪਤ ਕਰ ਸਕੋ। ਰਜਿਸਟਰ ਹੋਣ ਲਈ www.healthgateway.gov.bc.ca 'ਤੇ ਜਾਉ।

ਤੁਹਾਨੂੰ ਮੇਰੀ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਕਿੱਥੋਂ ਮਿਲੀ?

Provincial Health Services Authority ਦੇ ਇੱਕ ਪ੍ਰੋਗਰਾਮ ਵਜੋਂ, ਅਸੀਂ ਸਰਕਾਰੀ ਸੰਸਥਾਵਾਂ ਅਤੇ ਸਿਹਤ ਪ੍ਰੋਫੈਸ਼ਨਲਾਂ ਤੋਂ ਸਬੰਧਿਤ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਪ੍ਰਾਪਤ ਕਰਦੇ ਹਾਂ ਜੋ ਸਿੱਧੇ ਤੌਰ 'ਤੇ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹੁੰਦੇ ਹਨ। ਅਸੀਂ ਇਸ ਜਾਣਕਾਰੀ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕਰਦੇ ਹਾਂ ਕਿ ਤੁਹਾਨੂੰ ਕੈਂਸਰ ਸਕ੍ਰੀਨਿੰਗ ਸਬੰਧੀ ਚਿੱਠੀਆਂ ਕਦੋਂ ਭੇਜੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਤੁਹਾਨੂੰ ਤੁਹਾਡੇ ਸਕ੍ਰੀਨਿੰਗ ਨਤੀਜੇ ਪ੍ਰਦਾਨ ਕਰਨ ਲਈ। BC Cancer ਹਰ ਸਮੇਂ ਤੁਹਾਡੀ ਜਾਣਕਾਰੀ ਨੂੰ ਨਿੱਜੀ, ਗੁਪਤਅਤੇ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ।

ਅਸੀਂ ਇਸ ਜਾਣਕਾਰੀ ਦੀ ਵਰਤੋਂ ਹੇਠ ਲਿਖੇ ਉਦੇਸ਼ਾਂ ਲਈ ਕਰਦੇ ਹਾਂ:

- ਜਦੋਂ ਤੁਸੀਂ ਉਮਰ ਅਨੁਸਾਰ ਯੋਗ ਹੋਵੋ, ਤੁਹਾਨੂੰ ਸਕ੍ਰੀਨਿੰਗ ਬਾਰੇ ਵਿਚਾਰ ਕਰਨ ਲਈ ਸੱਦਾ ਦੇਣਾ;
- ਤੁਹਾਨੂੰ ਯਾਦ ਦਿਵਾਉਣਾ ਕਿ ਤੁਹਾਡੇ ਅਗਲੇ ਸਕ੍ਰੀਨਿੰਗ ਟੈਸਟ ਦਾ ਸਮਾਂ ਕਦੋਂ ਹੈ; ਅਤੇ,
- ਤੁਹਾਨੂੰ ਤੁਹਾਡੇ ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਬਾਰੇ ਜਾਣਕਾਰੀ ਦੇਣਾ, ਜਿਸ ਵਿੱਚ ਫਾਲੋ-ਅੱਪ ਜਾਣਕਾਰੀ (ਜੇ ਲੋੜੀਂਦੀ ਹੋਵੇ) ਵੀ ਸ਼ਾਮਲ ਹੈ।

ਭਵਿੱਖ ਵਿੱਚ ਤੁਹਾਡੇ ਨਾਲ ਸਰਵਿਕਸ ਸਕ੍ਰੀਨਿੰਗ ਸਬੰਧੀ ਫੀਡਬੈਕ ਸਰਵੇਖਣ ਪੂਰਾ ਕਰਨ ਲਈ ਸੰਪਰਕ ਕੀਤਾ ਜਾ ਸਕਦਾ ਹੈ।

BC Cancer ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਲਈ ਕੈਂਸਰ ਦੇਖਭਾਲ ਦੀ ਸੂਬਾਈ ਯੋਜਨਾਬੰਦੀ ਅਤੇ ਖੇਤਰੀ ਸੇਵਾਵਾਂ ਪ੍ਰਦਾਨ ਕਰਨ ਦੀ ਅਗਵਾਈ ਕਰਦਾ ਹੈ। BC Cancer ਦਾ ਮੰਡੇਟ ਕੈਂਸਰ ਦੇਖਭਾਲ ਦੇ ਪੂਰੇ ਦਾਇਰੇ ਨੂੰ ਕਵਰ ਕਰਦਾ ਹੈ ਅਤੇ ਇਸ ਵਿੱਚ ਬ੍ਰਿਟਿਸ਼ ਕੋਲੰਬੀਆ ਲਈ ਵਿਵਸਥਿਤ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਵੀ ਸ਼ਾਮਲ ਹਨ।

BC Cancer Screening ਵੱਲੋਂ ਭੇਜੀਆਂ ਗਈਆਂ ਸੂਚਨਾਵਾਂ ਬਾਰੇ ਕੋਈ ਪ੍ਰਸ਼ਨ ਹਨ?

ਕਿਰਪਾ ਕਰਕੇ www.screeningbc.ca/notifications 'ਤੇ ਜਾਉ।

Important information, please translate.
重要信息，请翻译。
ਮਹੱਤਵਪੂਰਨ ਜਾਣਕਾਰੀ, ਕਿਰਪਾ ਕਰਕੇ ਅਨੁਵਾਦ ਕਰੋ।
Mahalagang impormasyon, mangyaring isalin sa wikang tagalog.
Información importante; por favor, tradúzcala.
معلومات مهمة ، يرجى الترجمة.

Information importante, veuillez traduire.
重要信息，請翻譯。
Wichtige Informationen, bitte übersetzen.
중요한 정보를 번역하십시오.
Tin tức quan trọng, xin phiên dịch.
اطلاعات مهم ، لطفاً ترجمه کنید.

ਤੁਹਾਡੀ ਨਿੱਜੀ ਜਾਣਕਾਰੀ Personal Information Protection Act ਅਤੇ, ਜਿੱਥੇ ਲਾਗੂ ਹੋਵੇ, Freedom of Information and Protection of Privacy Act ਦੇ ਅਨੁਸਾਰ ਇਕੱਤਰ ਕੀਤੀ ਅਤੇ ਗੈਰ-ਅਧਿਕਾਰਤ ਵਰਤੋਂ ਅਤੇ ਖੁਲਾਸੇ ਤੋਂ ਸੁਰੱਖਿਅਤ ਰੱਖੀ ਜਾਂਦੀ ਹੈ, ਅਤੇ ਸਿਰਫ਼ ਇਨ੍ਹਾਂ ਕਾਨੂੰਨਾਂ ਅਨੁਸਾਰ ਹੀ ਵਰਤੀ ਜਾਂ ਸਾਂਝੀ ਕੀਤੀ ਜਾ ਸਕਦੀ ਹੈ। ਇਸ ਨਿੱਜੀ ਜਾਣਕਾਰੀ ਦੀ ਵਰਤੋਂ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਅਤੇ ਮਰੀਜ਼ਾਂ ਨੂੰ Cervix Screening Program ਦੀ ਸਹਾਇਤਾ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਇਕੱਤਰ ਕੀਤੀ ਜਾਣਕਾਰੀ ਦੀ ਵਰਤੋਂ ਕੁਆਲਿਟੀ ਯਕੀਨੀ ਬਣਾਉਣ ਦੇ ਪ੍ਰਬੰਧਨ ਲਈ ਕੀਤੀ ਜਾਂਦੀ ਹੈ ਅਤੇ ਉਹਨਾਂ ਸਿਹਤ-ਸੰਭਾਲ ਪ੍ਰੋਫੈਸ਼ਨਲਾਂ ਨਾਲ ਸਾਂਝੀ ਕੀਤੀ ਜਾਂਦੀ ਹੈ ਜੋ ਦੇਖਭਾਲ ਪ੍ਰਦਾਨ ਕਰਨ ਵਿੱਚ ਸ਼ਾਮਲ ਹੁੰਦੇ ਹਨ ਜਾਂ ਜਦੋਂ ਕਾਨੂੰਨ ਅਨੁਸਾਰ ਲੋੜੀਂਦਾ ਹੋਵੇ। ਇਸ ਤੋਂ ਇਲਾਵਾ, Cervix Screening Program ਮਰੀਜ਼ਾਂ ਨੂੰ ਨਤੀਜਿਆਂ ਬਾਰੇ ਸੂਚਿਤ ਕਰੇਗਾ, ਮਰੀਜ਼ਾਂ ਅਤੇ ਉਨ੍ਹਾਂ ਦੇ ਮੁਢਲੀ ਸਿਹਤ-ਸੰਭਾਲ ਪ੍ਰਦਾਨਕਰਤਿਆਂਨੂੰ ਮੁੜ ਸਕ੍ਰੀਨਿੰਗ ਜਾਂ ਫਾਲੋ-ਅੱਪ ਬਾਰੇ ਯਾਦ ਦਿਵਾਏਗਾ, ਅਤੇ ਸਕ੍ਰੀਨਿੰਗ ਪ੍ਰਕਿਰਿਆ ਦੀ ਕੁਆਲਿਟੀ ਅਤੇ ਕਾਰਗੁਜ਼ਾਰੀ ਦੀ ਨਿਗਰਾਨੀ ਅਤੇ ਮੁਲਾਂਕਣ ਕਰੇਗਾ।
BC Cancer ਵੱਲੋਂ ਇਸ ਜਾਣਕਾਰੀ ਦੇ ਇਕੱਠੇ ਕਰਨ ਬਾਰੇ ਕਿਸੇ ਵੀ ਪ੍ਰਸ਼ਨ ਲਈ ਸੰਪਰਕ ਕਰੋ: 801–686 West Broadway, Vancouver BC V5Z 1G1, ਜਾਂ ਈਮੇਲ: screening@bccancer.bc.ca। ਜੇ ਇਹ ਜਾਣਕਾਰੀ ਤੁਹਾਨੂੰ ਗਲਤੀ ਨਾਲ ਪ੍ਰਾਪਤ ਹੋਈ ਹੈ, ਤਾਂ ਕਿਰਪਾ ਕਰਕੇ ਤੁਰੰਤ ਭੇਜਣ ਵਾਲੇ ਨਾਲ ਸੰਪਰਕ ਕਰੋ।

SAMPLE